91
15

# ਦਫਤਰ ਮੁੱਖ ਡਾਇਰੈਕਟਰ,
## ਵਿਜੀਲੈਂਸ ਬਿਊਰੋ ਹੈਡਕੁਆਟਰਜ਼, ਪੰਜਾਬ

ਵਿਜੀਲੈਂਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)

## ਸਰਕੂਲਰ ਨੰਬਰ 2/2019

ਵਿਸ਼ਾ: ਟਰੈਪ ਸਬੰਧੀ ਧਿਆਨ ਰੱਖਣ ਯੋਗ ਜਰੂਰੀ ਨੁਕਤੇ।

ਵਿਜੀਲੈਂਸ ਬਿਊਰੋ, ਪੰਜਾਬ ਵਿੱਚ ਟਰੈਪ ਕਰਨ ਤੋਂ ਪਹਿਲਾ ਇਹਨਾ ਹੇਠ ਲਿਖੀਆ ਗੱਲਾ ਦਾ ਖਾਸ ਧਿਆਨ ਰੱਖਿਆ ਜਾਂਣਾ ਚਾਹੀਦਾ ਹੈ :-

I ਟਰੈਪ ਕਰਨ ਤੋ ਪਹਿਲਾਂ ਦੀ ਤਿਆਰੀ।

1. ਸ਼ਿਕਾਇਤਕਰਤਾ ਦੀ ਪਿਛੋਕੜ ਦੀ ਵੈਰੀਫਿਕੇਸ਼ਨ ਕਰਨੀ ਜਰੂਰੀ ਹੈ।
2.ਰਿਸ਼ਵਤ ਮੰਗਣ ਦਾ ਮੰਤਵ, ਜਿਹੜੇ ਕੰਮ ਲਈ ਪੈਸੇ ਮੰਗ ਰਿਹਾ ਹੈ, ਉਸ ਲਈ ਅਧਿਕਾਰੀ/ਕਰਮਚਾਰੀ ਸਮਰੱਥ ਅਤੇ ਮੰਤਵ ਨਾਲ ਸਬੰਧਤ ਹੋਣਾ ਚਾਹੀਦਾ ਹੈ।
3. ਰਿਸ਼ਵਤ ਦੀ ਰਕਮ ਸ਼ਿਕਾਇਤਕਰਤਾ ਵੱਲੋ ਹੀ ਪ੍ਰਬੰਧ ਕੀਤੀ ਜਾਣੀ ਚਾਹੀਦੀ ਹੈ।
4. ਸ਼ਿਕਾਇਤਕਰਤਾ ਅਤੇ ਗਵਾਹਾਂ ਦੀ ਹਾਜਰੀ ਵਿੱਚ ਰਿਸ਼ਵਤ ਦੇਣ ਦੀ ਰਕਮ/ਨੰਬਰ ਦਰਸ਼ਾ ਕੇ ਇੱਕ ਸੂਚੀ ਤਿਆਰ ਕੀਤੀ ਜਾਵੇ।
5. ਵਿਜੀਲੈਂਸ ਦੀ ਰੇਡਿੰਗ ਟੀਮ ਦੀ ਨਫਰੀ ਦੋਸ਼ੀ ਦੇ ਤਾਇਨਾਤੀ ਦੇ ਰਕਬੇ ਅਤੇ ਉਸ ਦੇ ਅਧੀਨ ਤਾਇਨਾਤ ਕਰਮਚਾਰੀਆਂ ਦੀ ਨਫਰੀ ਅਨੁਸਾਰ ਤਿਆਰ ਕੀਤੀ ਜਾਣੀ ਚਾਹੀਦੀ ਹੈ।
6. ਖਾਨਾ ਤਲਾਸ਼ੀ ਵਾਲੀ ਟੀਮ ਤਿਆਰ ਹੋਣੀ ਚਾਹੀਦੀ ਹੈ, ਜੋ ਦੋਸ਼ੀ ਦੇ ਘਰ/ਬਾਹਰ ਤੈਨਾਤ ਹੋਣੀ ਚਾਹੀਦੀ ਹੈ।
7. ਸ਼ੈਡੋ ਗਵਾਹ ਸਰਕਾਰੀ ਕਰਮਚਾਰੀ ਹੋਣਾ ਚਾਹੀਦਾ ਹੈ ਅਤੇ ਉਸ ਤੇ ਵਿਜੀਲੈਂਸ ਵੱਲੋ ਕੋਈ ਪ੍ਰਭਾਵ ਨਹੀ ਹੋਣਾ ਚਾਹੀਦਾ ਹੈ, ਸਵਤੰਤਰ ਹੋਣਾ ਚਾਹੀਦਾ ਹੈ ਅਤੇ ਇੱਕੋ ਗਵਾਹ ਬਾਰ੍ਹਬਾਰ ਨਹੀ ਆਉਣਾ ਚਾਹੀਦਾ।
8. ਜਦੋ ਰੇਡ ਕਿਸੇ ਮਹਿਲਾ ਦੇ ਵਿਰੁੱਧ ਹੋਵੇ ਤਾਂ ਰੇਡ ਕਰਨ ਲਈ ਪੜਤਾਲੀਆ ਅਫਸਰ ਦੇ ਨਾਲ ਘੱਟੋ ਘੱਟ ਇੱਕ ਮਹਿਲਾ ਸਿਪਾਹੀ ਵੀ ਨਾਲ ਹੋਣੀ ਜਰੂਰੀ ਹੈ।
9. ਜਿਸ ਦੇ ਖਿਲਾਫ ਟਰੈਪ ਕਰਨਾ ਹੈ, ਗਵਾਹ ਉਸ ਵਿਭਾਗ ਦਾ ਨਾ ਹੋਵੇ।
10. ਗਵਾਹ ਦਾ ਭ੍ਰਿਸ਼ਟ ਕਰਮਚਾਰੀ ਨਾਲ ਕੋਈ ਰਿਸ਼ਤਾ ਨਾ ਹੋਵੇ।
11. ਪੜਤਾਲੀਆ ਅਫਸਰ ਵੱਲੋ ਦੋਸ਼ੀ ਤੇ ਸ਼ਿਕਾਇਤਕਰਤਾ ਵਿਰੁੱਧ ਇੰਨਕੁਆਰੀ ਕਰਦੇ ਸਮੇ ਕੋਈ ਪਹਿਲਾਂ ਤੋ ਮਨ-ਮੁਟਾਵ/ਸਬੰਧ ਨਹੀ ਹੋਣਾ ਚਾਹੀਦਾ।
12. ਗਵਾਹ ਨੂੰ ਉਹ ਭਾਸ਼ਾ ਆਉਣੀ ਜਰੂਰੀ ਹੈ, ਜਿਸ ਵਿੱਚ ਦੋਸ਼ੀ ਅਤੇ ਸ਼ਿਕਾਇਤਰਕਤਾ ਆਪਸ ਵਿੱਚ ਵਾਰਤਾਲਾਪ ਕਰਨ।
13. ਜਗ੍ਹਾ ਅਤੇ ਟਾਇਮ ਤੈਅ ਹੋਣ ਤੋ ਬਾਅਦ, ਗਵਾਹਾਂ ਅਤੇ ਰੇਡਿੰਗ ਪਾਰਟੀ ਨੂੰ ਪੂਰਾ ਸਮਝਾਣਾ ਹੋਏਗਾ ਕਿ ਅਸੈਂਬਲੀ ਕਿਸ ਮੰਤਵ ਲਈ ਰੱਖੀ ਗਈ ਹੈ।
14. ਸ਼ਿਕਾਇਤਕਰਤਾ (ਮੁਦੱਈ) ਨੂੰ ਟਰੈਪ ਪਾਰਟੀ ਅਤੇ ਗਵਾਹਾਂ ਨਾਲ ਮਿਲਾਉਣਾ ਜਰੂਰੀ ਹੈ।
15. ਸ਼ਿਕਾਇਤਕਰਤਾ (ਮੁਦੱਈ) ਟਰੈਪ ਦੌਰਾਨ ਦੋਸ਼ੀ ਨਾਲ ਹੱਥ ਨਾ ਮਿਲਾਵੇ।
16. ਜੋ ਸਮਾਨ ਟਰੈਪ ਕਰਨ ਲਈ ਲੈ ਕੇ ਜਾਣਾ ਜਰੂਰੀ ਹੈ:- (Trap Kit)
   i) ਸੋਡੀਅਮ ਕਾਰਬੋਨੇਟ ਦੀ ਬੋਤਲ
   ii) ਫਿਨੋਲਪੈਥਾਲਿਨ ਪਾਊਡਰ
   iii) ਪਲਾਸਟਿਕ ਗਲਾਸ
   iv) ਪਾਣੀ, ਇੱਕ ਟੰਬਲਰ ਅਤੇ ਲਿਫਾਫਾ
   v) ਕਲੋਥ
   vi) ਸੀਲਿੰਗ ਵੈਕਸ
   vii) ਬ੍ਰਾਸ ਸਟੀਲ
   viii) ਪਿਨਸ
   ix) ਮੈਚ ਬਾਕਸ
   x) ਸੁਈ ਧਾਗਾ
   xi) ਟੈਗ
   xii) ਮੋਮਬੱਤੀ
   xiii) ਆਈ.ਓ ਰਬਰ ਸਟੈਂਪ
   xiv) ਖਾਲੀ ਬੋਤਲ
17. ਫਾਈਲ ਜਿਸ ਵਿੱਚ ਹੇਠ ਅਨੁਸਾਰ ਸਮਾਨ ਹੋਏ :-
   a) ਪੇਪਰ
   b) ਕਾਰਬਨ ਪੇਪਰ
   c) 91 ਸੀ.ਆਰ.ਪੀ.ਸੀ ਦੇ ਹੁਕਮ
   d) 160 ਸੀ.ਆਰ.ਪੀ.ਸੀ ਦੇ ਨੋਟਿਸ
   e) Search u/s 165 ਸੀ.ਆਰ.ਪੀ.ਸੀ ਕਰਨ ਦੇ ਮੰਤਵ/ਅਧਾਰ ਸਬੰਧੀ ਲਿਖਤ